ਤੇਰ੍ਹ ਪੁੰਜਾ ਵੇਦੀ
ਪਤ੍ਰੇ ੯

1666 G.
PUNJABI DEPARTMENT
Patiala & East Punjab States Union,
PATIALA.

51

ਸਭ ਹਕ ਪ੍ਰਕਾਸ਼ਕ ਦੇ ਅਧੀਨ ਹਨ

ਨਵਾਂ ਕਿੱਸਾ

ਇਸ਼ਕ ਭਰਿਆ

# ਝੇਲੂ ਪੂੰਨਾਂ ਦੇਵੀ

ਕ੍ਰਿਤ ਕਵਿ

**ਸ਼ਰਫਦੀਨ ਵਾ ਕਪੂਰ ਸਿੰਘ ਕਵੀਸ਼ਰਾਨ**

ਸ਼ਰਫਦੀਨ ਪਿੰਡ ਕੋਇਰ ਵਾਲਾ, ਕਪੂਰ ਸਿੰਘ ਬਠਿੰਡਾ
ਰਿਆਸਤ ਪਟਿਆਲਾ

ਹੱਕਦਾਰ

ਸ: ਗੁਰਦਿਤ ਸਿੰਘ ਸਾਹਿਬ ਬੁਕਸੈਲਰ
(ਫੋਟੋਗਰਾਫਰ ਰੇਲ ਬਾਜ਼ਾਰ ਬਠਿੰਡਾ ਰਿਆਸਤ ਪਟਿਆਲਾ)

1666 G

ਪ੍ਰਕਾਸ਼ਕ !

**ਭਾਈ ਪ੍ਰਤਾਪ ਸਿੰਘ ਪ੍ਰੀਤਮ ਸਿੰਘ**

ਪੁਸਤਕਾਂ ਛਾਪਣ ਤੇ ਵੇਚਣ ਵਾਲੇ
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਕਾਰੋਨੇਸ਼ਨ ਪ੍ਰਿੰਟਿੰਗ ਵਰਕਸ ਅੰਮ੍ਰਿਤਸਰ ਵਿਚ ਸ: ਸ਼ਾਮ ਸਿੰਘ
ਮੈਨੇਜਰ ਤੇ ਪ੍ਰਿੰਟਰ ਦੇ ਪਰਬੰਧ ਨਾਲ ਛਪਿਆ

ਦੂਜੀ ਵਾਰ ੧੦੦੦ ਮੁਲ –) ਇਕ ਆਨਾ

ਅਲਾਹੂ ਅਕਬਰ

੧੯੬

# ਅਥ ਕਿਸਾ ਤੇਲੂ ਪੂੰਨਾਂ ਦੇਵੀ

## ਕ੍ਰਿਤ ਕਵਿ

## ਸ਼ਰਫਦੀਨ ਵਾ ਕਪੂਰ ਸਿੰਘ ਕਵੀਸ਼ਰਾਨ ਪਿੰਡ ਕੋਇਰ ਵਾਲਾ

—o—

ਦੋਹਰਾ—ਅਵਲ ਹਮਦ ਖੁਦਾਇ ਨੂੰ ਲਖ ਦਰੂਦ ਰਸੂਲ ॥
ਸ਼ਰਫਦੀਨ ਗੁਨਾਂਗਾਰ ਜੋ ਕਰੇ ਤੋਹੀਦ ਕਬੂਲ ॥ ੧ ॥
ਕਿੱਸਾ ਅਸ਼ਕ ਮਸ਼ੂਕ ਦਾ ਆਲਮ ਵਿਚ ਮਸ਼ਹੂਰ ॥
ਜੋੜੀ ਫੁਲ ਗੁਲਾਬ ਦੇ ਜੁੱਸਾ ਕਿਸਮ ਅੰਗੂਰ ॥ ੨ ॥
ਦੋਹਰਾ—ਬੀਕਾ ਨੇਰ ਸਟੇਟ ਹੈ ਜਾਨੋ ਛਿਪਦੇ ਹੇਠ ॥
ਪੂੰਨਾ ਦੇਵੀ ਬਾਮਣੀ ਤੇਲੂ ਮਲ ਜੋ ਸੇਠ ॥

ਸਿਫਤ ਪੂਨਾ ਦੇਵੀ ਮੋਮਨ ਛੰਦ ॥

ਪੂਨਾ ਦੇਵੀ ਯਾਰੋ ਬਾਮਨ ਦੀ ਲੜਕੀ। ਆਦਮੀ ਕੀ ਜਾਬੇ ਜਿਉਂਦਾ ਮੂਹਰੇ ਖੜ ਕੀ ॥ ਸੂਰਜ ਸਮਾਨ ਮਾਰੇ ਲਸ਼ਕਾਰ ਜੀ। ਪੂੰਨਾ ਦੇਵੀ ਸੋਹਣੀ ਹਦੋਂ ਬੇਸ਼ਮਾਰ ਜੀ ॥ ਇੰਦ ਮਤੀ ਮੈਨਕਾਂ ਸਮਾਨ ਰੰਨ ਜੀ ॥ ਜਿਸਦੀ ਓਹ ਪੁਤ੍ਰੀ ਓਹ ਮਾਤਾ ਧੰਨ ਜੀ। ਕਿਤੇ ਨ ਫਰਕ ਖੋੜਸ ਸ਼ੰਗਾਰ ਜੀ। ਪੂੰਨਾ ਦੇਵੀ ਸੋਹਣੀ ਹੱਦੋਂ ਬੇਸ਼ਮਾਰ ਜੀ। ਜਿਸ ਵੇਲੇ ਕੋਲ ਆਦਮੀ ਦੇ ਖੜਦੀ। ਤਛਕ ਦੀ ਨਾਗਨੀ ਸਮਾਨ ਲੜਦੀ। ਕੌਣ ਲਵੇ ਜੋਤ ਨੈਣਾਂ ਦੀ ਸਹਾਰ ਜੀ ॥ ਪੁੱਨਾਂ ਦੇਵੀ ਸੋਹਣੀ ਹਦੋਂ ਬੇਸ਼ਮਾਰ ਜੀ। ਕਿਨਰਾਂ ਦੀ ਲੜਕੀ ਤੋਂ ਗੋਰਾ ਰੰਗ ਜੀ। ਸੰਚੇ ਬਿਚ ਭਰੇ ਸਾਰੇ ਅੰਗ ਅੰਗ ਜੀ ॥ ਬੇਲਾ ਬੈਕੇ ਆਪ ਘੜੀ ਕਰਤਾਰ ਜੀ ॥ ਪੂਨਾਂ ਦੇਵੀ ਸੋਹਣੀ ਹਦੋਂ ਬੇਸ਼ਮਾਰ ਜੀ ॥ ਬਿਜਲੀ ਸਮਾਨ ਲੱਸਾ ਮਾਰੇ ਗਾਤ ਜੋ। ਸਲੀਆਂ ਨੇ ਕਰਤਾ ਧੁਨਖ ਮਾਤ ਜੋ ॥ ਚਿੱਟੇ ਚਿੱਟੇ ਦੰਦ ਦਾਨੇ ਜਿਓਂ ਅਨਾਰ ਜੀ। ਪੁੱਨਾਂ ਦੇਵੀ ਸੋਹਣੀ ਹਦੋਂ ਬੇਸ਼ਮਾਰ ਜੀ ॥ ਹੇਠ ਪੀਲੇ ਲਾਲ ਜਾਣੀ ਪਾਨ ਚੱਬਦੀ। ਬੋਲਦਾ ਨਾ ਝੂਠ ਮੈਂ ਕਸਮ ਰੱਬ ਦੀ ॥ ਕੋਇਲ ਸ਼ਰਮਾਵੇ ਸੁਨ ਗੁਫਤਾਰ ਜੀ। ਪੁੱਨਾਂ ਦੇਵੀ ਸੋਹਣੀ ਹੱਦੋਂ ਬੇਸ਼ਮਾਰ ਜੀ ॥ ਕਿਥੋਂ ਪੈਦਾ ਹੋਈ ਕਾਮ ਦੇਵ ਪੁਤਰੀ। ਰੰਨ ਬੀਕਾ ਨੇਰ ਅਬਤਾਰ ਉਤ੍ਰੀ ॥

ਮੋਰ ਤੇ ਹੰਸ ਵਾਂਗ ਰਫਤਾਰ ਜੀ। ਪੂਨਾਂ ਦੇਵੀ ਸੋਹਣੀ ਹੱਦੋਂ ਬੇਸ਼ਮਾਰ ਜੀ॥ ਚੌਦਮੇ ਬਰਸ ਉਮਰ ਪਠੌਰੀ ਸੀ। ਬੀਕਾ ਨੇਰ ਬਿੱਚ ਬਾਮਣ ਦੀ ਸ਼ੋਰੀ ਸੀ॥ ਗਲ ਬਿੱਚ ਪਾਏ ਬੇ ਫੁਲਾਂ ਦੇ ਹਾਰ ਜੀ। ਪੂਨਾਂ ਦੇਵੀ ਸੋਹਣੀ ਹੱਦੋਂ ਬੇਸ਼ਮਾਰ ਜੀ॥ ਜੰਨਤ ਦੇ ਬਿੱਚ ਐਸੀ ਨਹੀਂ ਹੂਰ ਜੀ। ਦਸ ਹਿੱਸੇ ਦੂਨਯਾਂ ਤੋਂ ਬੱਧ ਨੂਰ ਜੀ॥ ਆਦਮੀ ਨਾ ਬਚੇ ਕਰੇ ਜੋ ਦੀਦਾਰ ਜੀ। ਪੂਨਾਂ ਦੇਵੀ ਸੋਹਣੀ ਹੱਦੋਂ ਬੇਸ਼ਮਾਰ ਜੀ॥ ਸ਼ਮਸ਼ ਕਮਰ ਨਾਲੋਂ ਬੱਧ ਤੇਜ ਸੀ। ਆਸ਼ਕਾਂ ਦੀ ਮੌਤ ਰੱਬ ਵਿੱਤੀ ਭੇਜ ਸੀ॥ ਬਿਨਾਂ ਮੌਤ ਦੇਵੇ ਆਸ਼ਕਾਂ ਨੂੰ ਮਾਰ ਜੀ। ਪੂਨਾਂ ਦੇਵੀ ਸੋਹਣੀ ਹੱਦੋਂ ਬੇਸੁਮਾਰ ਜੀ॥ ਚੜ੍ਹੀ ਥੀ ਜੁਆਨੀ ਸਰੂ ਵਾਂਗ ਸੂਕਦੀ। ਕਰਾਂ ਕੀ ਸਿਫਤ ਸੁੰਦਰ ਮਸ਼ੂਕ ਦੀ। ਐਸੀ ਨਹੀਂ ਰੰਨ ਵਿਚ ਸੰਸਾਰ ਜੀ। ਪੂਨਾਂ ਦੇਵੀ ਸੋਹਣੀ ਹੱਦੋਂ ਬੇਸ਼ਮਾਰ ਜੀ। ਮੁਖ ਵਿਚੋਂ ਬੋਲੇ ਜਾਣੀ ਫੁਲ ਕਿਰਦੇ। ਦੇਖਕੇ ਜਨੌਰ ਅਰਸ਼ਾਂ ਤੋਂ ਗਿਰਦੇ। ਫਟਕਾ ਨਾ ਖਾਨ ਦੇਖਨ ਜੋ ਸਾਰ ਜੀ। ਪੂਨਾਂ ਦੇਵੀ ਸੋਹਣੀ ਹੱਦੋਂ ਬੇਸ਼ਮਾਰ ਜੀ। ਮਿਲਿਆ ਹੁਸਨ ਪਦਮਣੀ ਨਾਲ ਜੀ। ਹੋਰ ਨਾਂ ਸਿਫਤ ਮੇਰੇ ਜੋ ਖਿਆਲ ਜੀ। ਮੈਨੂੰ ਨਾ ਸਿਫਤ ਲਿਖਣੇ ਦੀ ਸਾਰ ਜੀ। ਪੁੰਨਾ ਦੇਵੀ ਸੋਹਣੀ ਹੱਦੋਂ ਬੇਸ਼ਮਾਰ ਜੀ। ਸ਼ਰਫ ਦੀਨਾ ਕਾਹਨੂੰ ਸਿਫਤ ਸਨੌਣਾ ਹੈ। ਆਸ਼ਕਾਂ ਦਾ ਦਿਲ ਐਮੇ ਤੜਫੌਣਾ ਹੈ। ਕਪੂਰ ਸਿੰਘਾ ਹੋਨ ਆਸ਼ਕ ਲਚਾਰ ਜੀ। ਪੁੰਨਾਂ ਦੇਵੀ ਸੋਹਣੀ ਹੱਦੋਂ ਬੇਸ਼ਮਾਰ ਜੀ॥ ੪॥

ਦੋਹਿਰਾ॥ ਸਹੇਲੀ ਪੂਨਾਂ ਦੇਵੀ ਦੀ ਧਿਆਨੀ ਉਸਦਾ ਨਾਮ।
ਅਕਲ ਸ਼ਕਲ ਪ੍ਰਵੀਨ ਜੋ ਸੋਹਣਾ ਰੰਗ ਬਦਾਮ॥ ੫॥

ਦੋਹਿਰਾ॥ ਪੁੱਨਾਂ ਦੇਵੀ ਕਹੇ ਧਯਾਨੀਏ ਲਾਲੈ ਹਾਰ ਸ਼ਿੰਗਾਰ॥
ਕਰਨਾ ਸੈਲ ਬਜਾਰ ਦਾ ਹੋਜਾ ਅਬੀ ਤਿਆਰ॥ ੬॥

ਕਬਿੱਤ॥ ਨਾਰਾਂ ਹੋਗੀਆਂ ਤਿਆਰ ਸੈਲਾਂ ਲਾਇਕੇ ਸ਼ਿੰਗਾਰ ਰੂਪ ਆਪਨਾ ਅਪਾਰ ਫੌਜਾਂ ਆਸ਼ਕਾਂ ਤੇ ਚੜੀਆਂ। ਪੈਰੀਂ ਬੂਟ ਗੁਰਗਾਬੀ ਮੁਖ ਦਗਦੇ ਮਤਾਬੀ ਲੋਕ ਪਟਨੇ ਪੰਜਾਬੀ ਤੇ ਬਜ਼ਾਰ ਜਾਕੇ ਬੜੀਆਂ। ਤੀਰ ਨੈਣਾਂ ਦੇ ਚਲੌਂਦੀਆਂ ਪੂਰਾਂ ਦੇ ਪੂਰ ਲੌਂਦੀਆਂ ਜੋ ਜਾਗਟਾਂ ਸਹੋਂਦੀਆਂ ਜੇਬਾਂ ਦੇ ਬਿਚ ਘੜੀਆਂ। ਕਹੇ ਸ਼ਰਫਦੀਨ ਗਲ ਅੱਗੇ ਬੈਠਾ ਤੇਲੂ ਮਲ ਨਾਰ ਦੇਖ ਗਯਾ ਜਲ ਜੋ ਕਪੂਰ ਹੱਟ ਖੜੀਆਂ॥ ੭॥

ਦੋਹਿਰਾ॥ ਤੇਲੂ ਮਲ ਦੀ ਹੱਟ ਜੋ ਨਾਰਾਂ ਖੜੀਆਂ ਜਾਇ॥
ਦੰਗ ਹੋਗਿਆ ਵਾਣੀਆਂ ਦਰਸ਼ਨ ਉਨਕਾ ਪਾਇ॥ ੮॥

ਦੋਹਿਰਾ ॥ ਕਰਨ ਚਹੇੜਾਂ ਨਾਰੀਆਂ ਹਸ ਹੱਸ ਕਢਣ ਬੋਲ ॥
ਲੈਣੇ ਲੀੜੇ ਕਪੜੇ ਭੇਂਦੂ ਅਖਾਂ ਖੋਲ ॥ ੯ ॥

ਸੋਮਨ ਛੰਦ ॥ ਪੂਨਾਂ ਦੇਵੀ ਜਦੋਂ ਕਪੜਿਆਂ ਨੂੰ ਆਖਿਆ । ਤੇਲੂ ਮਲ ਬੋਲਕੇ ਜਵਾਨੋ ਭਾਖਿਆ । ਨੇਤ੍ਰਾਂਚ ਆਗਿਆ ਇਸ਼ਕ ਲੋਰ ਜੀ । ਪੂਨਾਂ ਦੇਵੀ ਉਤੇ ਤੇਲੂ ਹੋਗਿਆ ਡੋਰ ਜੀ । ਧੰਨ ਭਾਗ ਮੇਰੀ ਤੁਸੀਂ ਆਯਾਂ ਹਟਨੀ । ਕੱਢਕੇ ਦੁਖਾਮਾਂ ਥਾਨ ਝਟਾ ਪਟ ਨੀ । ਮੇਰੀ ਹਟ ਬਿੱਚ ਰੇਸ਼ਮ ਦਾ ਜੋਰ ਜੀ । ਪੱਨਾਂ ਦੇਵੀ ਉਤੇ ਤੇਲੂ ਹੋਗਿਆ ਡੋਰ ਜੀ । ਗੋਰਨੱਟ ਰੇਸ਼ਮ ਮਰੀਨਾ ਫੂਲ ਜੋ । ਲੈਲੋ ਕਿੰਨੀ ਚੀਜ ਮੰਗਦਾ ਨਾ ਮੂਲ ਜੋ । ਤੇਨੂੰ ਦੇਖ ਖੁਸ਼ੀ ਚੰਦ ਜਿਓਂ ਚਕੋਰ ਜੀ । ਪੂਨਾਂ ਦੇਵੀ ਉਤੇ ਤੇਲੂ ਹੋਗਿਆ ਡੋਰ ਜੀ । ਕੱਢ ਕੱਢ ਢੇਰ ਮੂਹਰੇ ਲਾਤੇ ਥਾਨਾਂ ਦੇ । ਪਾਲਣੇ ਮੈਂ ਬੋਲ ਕੀਤੀਆਂ ਜਵਾਨਾਂ ਦੇ । ਲੈਲੋ ਸੱਖੀ ਕੀਤਾ ਏਦੀ ਲਾਲਿਓ ਕੋਰ ਜੀ । ਪੂਨਾਂ ਦੇਵੀ ਉਤੇ ਤੇਲੂ ਹੋਗਿਆ ਡੋਰ ਜੀ । ਛਿਲਕ ਤੇ ਪੋਂਡਾ ਦਸੋ ਕੀਦੀ ਗਿਣਤੀ । ਥਾਨਾਂ ਦੀ ਮੁੰਡ ਨੇ ਮੂਹਰੇ ਲਾਤੀ ਚਿਣਤੀ । ਦੇਖਕੇ ਘਟਾਂ ਨੂੰ ਖੁਸ਼ ਹੋਣ ਮੋਰ ਜੀ । ਪੂਨਾਂ ਦੇਵੀ ਉਤੇ ਤੇਲੂ ਹੋਗਿਆ ਡੋਰ ਜੀ । ਆਸ਼ਕ ਲੁੱਡਿਆਂ ਨੂੰ ਕਢ ਲਈਆਂ ਡੋਰੀਆਂ ਪੈਹਨਣ ਸ਼ੁਕੀਨਣਾਂ ਜੋ ਨਾਰਾਂ ਗੋਰੀਆਂ । ਤੇਲੂ ਮਲ ਝਾਕੇ ਜਿਵੇਂ ਯਾਰ ਚੋਰ ਜੀ । ਪੂਨਾਂ ਦੇਵੀ ਉਤੇ ਤੇਲੂ ਹੋਗਿਆ ਡੋਰ ਜੀ ।ਜ਼ਾਦ ਰਖਿਓ ਤੁਸੀ ਸਾਡੀਆਂ ਨਿਸ਼ਾਨੀਆਂ । ਕੋਈ ਦਿਨ ਦੁਨੀਆਂ ਤੇ ਜ਼ਿੰਦਗਾਨੀਆਂ । ਨਿਤ ਰੋਜ਼ ਬੰਦੇ ਨੂੰ ਉਡੀਕੇ ਗੋਰ ਜੀ । ਪੂਨਾਂ ਦੇਵੀ ਉਤੇ ਤੇਲੂ ਹੋਗਿਆ ਡੋਰ ਜੀ । ਰੇਸ਼ਮੀ ਰੁਮਾਲ ਰੇਸ਼ਮ ਦੇ ਨਾਲੇ ਜੀ । ਹਰੇ ਪੀਲੇ ਲਾਲ ਖਟੇ ਮਿਠੇ ਕਾਲੇ ਜੀ । ਸੱਤ ਹਾਰ ਲਿਆਂਦੇ ਵਿਚ ਪਿਆਜੀ ਡੋਰ ਜੀ ।ਪੂਨਾਂਦੇਵੀ ਉਤੇ ਤੇਲੂਹੋਗਿਆ ਡੋਰ ਜੀ । ਰੋਕੜੀ ਰੁਪਏ ਕਢ ਲਿਆਯਾ ਗਿੱਨੀਆਂ । ਗਿਣਤੀ ਦੇ ਵਿਚ ਜੋ ਬਹੁਤ ਕਿੰਨੀਆਂ । ਬੜਾ ਹੀਆ ਕੀਤਾ ਬਾਣੀਏਂ ਦੇ ਸ਼ੋਹਰ ਜੀ । ਪੁਨਾਂ ਦੇਵੀ ਉਤੇ ਤੇਲੂ ਹੋਗਿਆ ਡੋਰ ਜੀ । ਚਿੱਤ ਆਈਆਂ ਚੀਜਾਂ ਜੋ ਪਸਿੰਦ ਕਰੀਆਂ । ਬੰਨਕੇ ਪੰਡਾਂ ਜੋ ਸਿਰਾਂ ਤੇ ਧਰੀਆਂ । ਸ਼ਰਫਦੀਨ ਕਹੇ ਤੇ ਕਪੂਰ ਤੋਰ ਜੀ ।ਪੂਨਾਂ ਦੇਵੀ ਉਤੇ ਤੇਲੂ ਹੋਗਿਆ ਡੋਰ ਜੀ ॥

ਦੋਹਿਰਾ—ਨਾਰਾਂ ਲੈਕੇ ਕਪੜੇ ਹੋਈਆਂ ਤੁਰਤ ਰਵਾਨ ।
ਤੇਲੂ ਮਲ ਕੱਲਾ ਰੇਹ ਗਿਆ ਹੂਆ ਚਿਤ ਹੈਰਾਨ ॥ ੧੧ ॥

ਦੋਹਿਰਾ–ਮਗਰ ਤੁਰ ਪਿਆ ਬਾਣੀਆਂ ਮੂਰੇ ਨਾਰਾਂ ਜਾਨ ।
ਪਿਛੇ ਮੁੜਕੇ ਦੇਖਿਆ ਧਿਯਾਨੀ ਕਹੇ ਬਖਾਣ ॥ ੧੨ ॥

ਕਬਿੱਤ–ਆਖਦੀ ਧਿਆਨੀ ਕੈਂਹਦੀ ਸੁਣ ਪੂਨਾਂ ਦੇਵੀਏ ਨੀ ਮੋੜਦੇ ਪਿਛਾਂਹ ਤੇਲੂ ਮਲ ਛਾਹੂਕਾਰ ਨੂੰ । ਬਗ ਗਿਆ ਜੇ ਨਾਲ਼ ਓਥੇ ਕਰੂਗਾ ਖਜਲ ਤੈਨੂੰ ਅਪਨੇ ਦੋਹਾਂ ਤੇਪਬਾਦੂ ਅਜ ਮਾਰ ਨੂੰ । ਖੂਹ ਦੇ ਬਿਚ ਗੇਰ ਤੇਰਾ ਆਖਿਆ ਏਨੇ ਮੋੜਨਾ ਨੀ ਦੇਰ ਕਿਉਂ ਲਗਾਈ ਮੁਖੋਂ ਆਖਦੇ ਉਚਾਰ ਨੂੰ। ਕਹੇ ਸ਼ਰਫਦੀਨ ਏਨੂੰ ਖੂਹ ਦੇ ਬਿਚ ਸੁਟਕੇ ਤੇ ਕਪੂਰ ਸਿੰਘ ਧਿਆਨੀ ਕਹੇ ਚਲਾਂਗੇ ਦੁਆਰ ਨੂੰ ॥ ੧੩ ॥

ਦੋਹਿਰਾ–ਪੂਨਾ ਦੇਵੀ ਕਹੇ ਤੇਲੂਆ ਜੇ ਮੇਰਾ ਦਿਲਦਾਰ ॥
ਦੇਖਾਂ ਤੇਰੀ ਆਸ਼ਕੀ ਛਾਲ ਕੂਹੇ ਬਿਚ ਮਾਰ ॥ ੧੪ ॥

ਕਬਿੱਤ–ਕੂਆ ਥੀ ਨਜੀਕ ਤੇਲੂ ਮਲ ਗਿਆ ਭਜਕੇ ਤੇ ਪੂਨਾਂ ਦੇਵੀ ਕੇਹਕੇ ਬਿਚ ਮਾਰੀ ਓਦੇ ਛਾਲ ਜੀ । ਦੋ ਸੌ ਹਥ ਡੂੰਘਾ ਪਾਨੀ ਤਾਰੇ ਵਾਂਗੂ ਦਿਸਦਾ ਬੀ ਜਾਨ ਸਾਰ ਤੇਲੂ ਬਜਿਆ ਮੋਹਲ਼ ਦੇ ਨਾਲ ਜੀ। ਆਸ਼ਕ ਮਸੂਕਾਂ ਦਾ ਬਚਨ ਕਦੇ ਮੋੜਦੇ ਨਾ ਜਿੰਦ ਭਾਮੇ ਜਾਬੇ ਏਹੋ ਆਸ਼ਕਾਂ ਦੀ ਚਾਲ ਜੀ। ਕਹੇ ਸ਼ਰਫ ਦੀਨ ਤੇਲੂ ਮਰਿਆ ਇੱਸ਼ਕ ਪੱਛੇ ਕਪੂਰ ਸਿੰਘਾ ਇਸ਼ਕ ਕਮਾਮਨਾ ਮੁਹਾਲ ਜੀ ॥ ੧੫ ॥

ਦੋਹਰਾ–ਪੂਨਾਂ ਦੇਵੀ ਸੋਚਦੀ ਹੋਈ ਬਹੁਤ ਹਰਾਨ ॥
ਤੇਰਾ ਬੋਲ ਨੀ ਮੋੜਿਆ ਤੱਜਤੇ ਜਾਨ ਪ੍ਰਾਨ ॥ ੧੬ ॥

ਮੋਮਨ ਬੈਂਤ–ਪੂਨਾਂ ਦੇਵੀ ਸੁਨਾਬੇ ਸਹੇਲੀਏਨੀ ਜਰਾਦਿਲ ਦੇਬਿੱਚ ਬਚਾਰ ਧਿਆਨੀ। ਮੇਰੇ ਇਸ਼ਕ ਦੇ ਬਿੱਚ ਮਰਗਿਆ ਤੇਲੂ ਮੈਂ ਬੀ ਮਰਨੇ ਨੂੰ ਹਾਂ ਤਿਆਰ ਧਿਆਨੀ। ਮੇਰੇ ਇਸ਼ਕ ਦੇ ਵਿਚ ਮਸਤਾਕ ਹੋਯਾ ਮੰਗੇ ਆਪਾਂ ਤੋਂ ਨੀ ਪੈਸੇ ਚਾਰ ਧਿਆਨੀ। ਮੇਰਾ ਯਾਰ ਮੈਂ ਓਦੀ ਮਸੂਕ ਹਾਂ ਨੀ ਮੈਨੂੰ ਯਾਰਦਾ ਆਬੇ ਪਿਆਰ ਧਿਆਨੀ। ਮੇਰੇ ਦਿਲਦੇ ਬਿਚ ਉਬਾਲ ਉਠਨ ਜਾਨ ਯਾਰ ਤੇ ਦੇਮਾਂ ਮੈਂ ਬਾਰ ਧਿਆਨੀ। ਜੇਕਰ ਮਰਾਂ ਨਾਂ ਇਸ਼ਕ ਨੂੰ ਲਾਜ ਲੱਗੇ ਏਹੋ ਆਸ਼ਕਾਂ ਲੋਕਾਂ ਦੀ ਕਾਰ ਧਿਆਨੀ। ਜੇਕਰ ਅੱਜ ਨਾ ਯਾਰ ਦੇ ਨਾਲ ਮੋਈ ਆਸ਼ਕ ਖੜਨ ਨਾ ਦੇਨਗੇ ਬਾਰ ਧਿਆਨੀ। ਸਿਰ ਦਿਤਿਆਂ ਬਾਝ ਨਾਂ ਯਾਰ ਮਿਲਦਾ ਇਹੋ ਆਰਫਾਂ ਬਚਨ ਉਚਾਰ ਧਿਆਨੀ। ਮਰਾਂ ਯਾਰ ਦੇ ਨਾਲ ਸ਼ਹੀਦ ਹੋਕੇ ਖੁਲ ਜਾਨ ਬਹਿੱਸ਼ਤ ਦੇ ਬਾਰ ਧਿਆਨੀ। ਜੇੜ੍ਹਾ ਜੰਮਿਆ ਮਰੂਗਾ

ਸਭ ਕੋਈ ਝੂਠਾ ਜਾਨ ਤੂੰ ਕੁਲ ਸੰਸਾਰ ਧਿਆਨੀ ॥ ਸ਼ਰਫ ਦੀਨ ਕਵੀਸ਼ਰੀ ਰਚੂ ਸਾਡੀ ਆਸ਼ਕ ਕੈਹਨਗੇ ਨਰ ਤੇ ਨਾਰ ਧਿਆਨੀ । ਕਪੂਰ ਸਿੰਘਮੈਂ ਜਾਰ ਤੋਂ ਜਾਨ ਬਾਰਾਂ ਮਾਰੂ ਛਾਲ ਮੈਂ ਲਾ ਤਕਰਾਰ ਧਿਆਨੀ ॥ ੧੭ ॥

ਦੋਹਿਰਾ–ਖੂਹਦੇ ਉਪਰ ਜਾਇਕੇ ਮਾਰੇ ਯਾਰ ਨੂੰ ਬੋਲ
ਮੈਂ ਹਾਂ ਤੇਰੀ ਮਾਸ਼ੂਕ ਵੇ ਲੈ ਚਲ ਮੈਨੂੰ ਕੋਲ ॥ ੧੮ ॥

ਦੋਹਰਾ–ਤੇਲੂ ਤੇਲੂ ਆਖਕੇ ਮਾਰੀ ਨਾਰ ਨੇ ਛਾਲ ॥
ਜੱਫੀ ਪੈਗੀ ਦੋਹਾਂ ਦੀ ਸ਼ੈਗੀ ਕਰਨ ਕਵਾਲ ॥ ੧੯ ॥

ਕਬਿਤ–ਆਪ ਰੱਬ ਸਚੇ ਨੇ ਬਵਾਨ ਭੇਜੇ ਅਰਸ਼ਾਂ ਤੋਂ ਆਸ਼ਕਾਂ ਦੇ ਵਿਚ ਨਾਮ ਕਰਤਾ ਦਰਜ ਜੀ । ਇਸ਼ਕ ਕਮੌਣ ਬੋਲ ਸਿਰੇ ਲੌਨ ਆਸ਼ਕ ਜੋ ਇਸ਼ਕ ਦੇ ਬਿਚ ਪੈਣ ਦੇਣ ਨਾ ਹਰਜ ਜੀ । ਇਸ਼ਕ ਕਮਾਬੇ ਸਿਰ ਧਰ ਲੇ ਤਲੀ ਦੇ ਉਤੇ ਆਸ਼ਕਾਂ ਦੇ ਸਿਰ ਜਾਣੇ ਐਤਨਾ ਫਰਜ ਜੀ । ਕਹੇ ਸ਼ਰਫ ਦੀਨ ਦੋਮੇ ਪੌਚ ਗਏ ਜੱਨਤ ਵਿਚ ਕਪੂਰ ਸਿੰਘ ਅਗੇ ਜਾਨ ਦੋਹਿਰੇ ਦੀ ਭਰਜ ਜੀ ॥ ੨੦ ॥

ਦੋਹਿਰਾ–ਤੇਲੂ ਪੁਨਾਂ ਦੇਵੀ ਕਿਸਾ ਕੀਆ ਤਿਆਰ ।
ਹਕਦਾਰ ਹੈ ਏਸਦਾ ਗੁਰਦਿੱਤ ਸਿੰਘ ਸਰਦਾਰ ॥ ੨੨ ॥

ਦੋਹਿਰਾ–ਵਲੀ ਮਹਮਦ ਫਤੇ ਜੋ ਹਾਸ਼ਮ ਅਲੀ ਦਿਲਦਾਰ ॥
ਚੌਥਾ ਸਰਵਣ ਸਿੰਘ ਜੋ ਦੋਸਤ ਪਿਆਰੇ ਯਾਰ ॥ ੨੩ ॥

(ਪਤਾ–ਸ਼ਰੀਫ ਦੀਨ ਕਵੀਸ਼ਰ ਕਾ)

ਦੋਹਿਰਾ–ਕੋਇਰ ਵਾਲਾ ਮੇਰਾ ਪਿੰਡ ਹੈ ਕੌਮ ਮੇਰੀ ਘੁਮਿਆਰ ।
ਠਾਣਾਂ ਡਾਕ ਬਿਚ ਬੋਗਦੇ ਪਟਿਆਲਾ ਸਰਕਾਰ ॥ ੨੪ ॥

—o—

(ਪਤਾ–ਕਪੂਰ ਸਿੰਘ ਕਵੀਸ਼ਰ ਦਾ)

ਦੋਹਿਰਾ–ਠਾਣਾ ਡਾਕ ਤਸੀਲ ਜੋ ਜੰਗਸ਼ਣ ਖਾਸ ਮਕਾਮ ॥
ਸ਼ੈਹਰ ਬਠਿੰਡੇ ਬਸ ਰਿਹਾ ਕਪੂਰ ਸਿੰਘ ਹਜਾਮ ॥ ੨੫ ॥

—o—

॥ ਸੰਪੂਰਨ ਤੇਲੂ ਪੁਨਾਂ ਦੇਵੀ ॥

ਦਸਖਤ ਸ਼ਰਫ ਦੀਨ ਵਾ ਕਪੂਰ ਸਿੰਘ ਕਵੀਸ਼ਰਾਨ

# ਕਰਾਮਾਤੀ ਸ਼ੀਸ਼ਾ

ਜੇਕਰ ਆਪ ਚਾਹੁੰਦੇ ਹੋ ਕਿ ਅਸੀ ਲੋਕਾਂ ਨੂੰ ਵਸ ਕਰ ਲਈਏ, ਜੇਕਰ ਆਪ ਚਾਹੁੰਦੇ ਕਿ ਅਸੀ ਦੱਬੇ ਹੋਏ ਖਜ਼ਾਨੇ ਲਭ ਲਈਏ, ਜੇਕਰ ਆਪ ਲੋਕਾਂ ਦੀਆਂ ਬੀਮਾਰੀਆਂ ਮੁਫਤ ਹਟਾਨੀਆਂ ਚਾਹੋ, ਜੇਕਰ ਆਪ ਆਪਣੀ ਤਾਕਤ ਨਾਲ ਲੋਕਾਂ ਨੂੰ ਬੇਹੋਸ਼ ਕਰਨਾ ਚਾਹੋ, ਜੇਕਰ ਆਪ ਨੂੰ ਲੋੜ ਹੈ ਕਿ ਅਸੀ ਗਵਾਚੀ ਚੀਜ਼ ਲਭ ਸਕੀਏ, ਜੇਕਰ ਆਪਨੂੰ ਲੋੜ ਹੈ ਕਿ ਤੁਹਾਡੀ ਇਜ਼ਤ ਸਭ ਲੋਗ ਕਰਨ ਜੇਕਰ ਆਪ ਦੀ ਖਾਹਿਸ਼ ਹੈ ਕਿ ਦੁਨੀਆਂ ਦੇ ਸਭ ਸੁਖ ਭੋਗੀਏ ਤਾਂ ਅਜ ਹੀ ੨॥) ਦੇ ਵੀ. ਪੀ. ਵਿਚ ਕਰਾਮਾਤੀ ਸ਼ੀਸ਼ਾ ਮੰਗਵਾ ਲਵੋ, ਇਸ ਦੇ ਵਰਤਨ ਦੀ ਵਿਧੀ ਨਾਲ ਹੀ ਮਿਲੇਗੀ।

ਅਜ ਤੋਂ ਕਤਈ ਫੈਸਲਾ ਕਰ ਲਵੇ ਕਿ ਕਿਸੇ ਜੋਤਸ਼ੀ ਕੋਲ ਨਹੀਂ ਜਾਣਾ

# ਜੋਤਸ਼ ਰਮਲ

ਜੋਤਸ਼ ਅਤੇ ਰਮਲ ਦੇ ਜਾਣੂ ਘਟ ਹੋਣ ਕਰਕੇ ਲੋਕਾਂ ਨੇ ਇਸ ਇਲਮ ਨੂੰ ਬਦਨਾਮ ਕਰ ਦਿਤਾ ਹੈ, ਪਰ ਇਸ ਪੁਸਤਕ ਨਾਲ ਆਪ ਦੁਨੀਆਂ ਦੀ ਹਰ ਇਕ ਮੁਸ਼ਕਲ ਗਲ ਨੂੰ ਠੀਕ ਕਰ ਸਕਦੇ ਹੋ। ਦੱਬੇ ਹੋਏ ਖਜ਼ਾਨੇ, ਚੋਰੀ ਗਈ ਚੀਜ਼ ਦਾ ਪਤਾ ਕਰਨਾ, ਦਿਲ ਦਾ ਭੇਦ ਦਸਣਾ ਹਰ ਇਕ ਦੇ ਪ੍ਰਸ਼ਨਾਂ ਦਾ ਠੀਕ ਜਵਾਬ ਦੇਣਾ ਇਤਆਦਿਕ ਹਜ਼ਾਰਾਂ ਅਚੰਭੇ ਦੇ ਕੰਮ ਕਰ ਸਕਦੇ ਹੋ, ਇਸ ਦੇ ਨਾਲ ੧੬ ਗਤੇ ਹੁੰਦੇ ਹਨ ਜਿਸ ਨੂੰ ਦੂਜੇ ਆਦਮੀ ਦੇ ਹਥ ਫੜਾਕੇ ਤੁਸੀ ਉਸਦੇ ਦਿਲ ਵਿਚ ਸੋਚੇ ਸਵਾਲ ਨੂੰ ਵੀ ਦਸ ਸਕਦੇ ਹੋ। ਮੁਲ ਗੱਤਿਆਂ ਸਮੇਤ ੧॥)

## ਹੋਰ ਹਰ ਪ੍ਰਕਾਰ ਦੇ ਪੁਸਤਕ ਕੰਘੇ ਕੜੇ ਕ੍ਰਿਪਾਨਾਂ ਤੇ ਅੰਮ੍ਰਿਤਸਰ ਦੀਆਂ ਸੁਗਾਤਾਂ ਸਾਥੋਂ ਮੰਗਾਓ।

ਮੰਗੌਣ ਦਾ ਪਤਾ:-

**ਭਾਈ ਪ੍ਰਤਾਪ ਸਿੰਘ ਪ੍ਰੀਤਮ ਸਿੰਘ**

ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ

ਮਰਦਾਨੀ ਤਾਕਤ ਲਈ ਮਸ਼ਹੂਰ ਤੇ ਜਲਦੀ ਅਸਰ ਕਰਨ ਵਾਲਾ

# ਮਨਮੋਹਨ ਰਸ

ਮਨਮੋਨ ਰਸ—ਸਰੀਰ ਨੂੰ ਬਲਵਾਨ ਕਰਦਾ ਤੇ ਸੋਹਣਾ ਬਣਾਂਦਾ ਹੈ, ਹਥਰਸੀ ਤੋਂ ਹੋਈਆਂ ਬੀਮਾਰੀਆਂ ਨੂੰ ਹਟਾਂਦਾ ਹੈ। ਜਵਾਨੀ ਵਿਚ ਬੁਢੇ ਬਣ ਗਿਆਂ ਨੂੰ ਮੁੜ ਜਵਾਨ ਕਰਦਾ ਹੈ। ਇਸਦੇ ਵਰਤਨ ਨਾਲ ਚਿਟੇ ਵਾਲ ਕਾਲੇ ਹੋ ਜਾਂਦੇ ਹਨ। ਨਜ਼ਲਾ ਜ਼ੁਕਾਮ ਕਬਜ਼ ਨੂੰ ਦੂਰ ਕਰਦਾ ਹੈ। ਹਰ ਇਕ ਤਬੀਅਤ ਨੂੰ ਮੁਆਫਕ ਤੇ ਹਰ ਇਕ ਮੌਸਮ ਵਿਚ ਵਰਤਿਆ ਜਾ ਸਕਦਾ ਹੈ। ਲਹੂ ਵਧਾਂਦਾ ਹੈ ਸੁਤਿਆਂ ਪਿਆਂ ਵੀਰਜ ਵਗ ਜਾਣ ਦੇ ਰੋਗ ਨੂੰ ਹਟਾਂਦਾ ਤੇ ਵੇਲੇ ਸਿਰ ਤੀਵੀਂ ਕੋਲੋਂ ਸ਼ਰਮਿੰਦੇ ਹੋਣ ਨੂੰ ਰੋਕਦਾ ਹੈ। ਗਲ ਕੀ ਆਪ-ਦੀਆਂ ਢੈਂਹਦੀਆਂ ਕਲਾਂ ਨੂੰ ਮੁੜ ਚੜ੍ਹਦੀਆਂ ਕਲਾਂ ਵਿਚ ਕਰ ਸਕਦਾ ਹੈ। ਮੁਲ ਇਕ ਸ਼ੀਸ਼ੀ ਡਾਕ ਖਰਚ ਸਮੇਤ ੨) ਅੱਧੀ ਦਰਜਨ ਸ਼ੀਸ਼ੀਆਂ ਵਾਸਤੇ ਡਾਕ ਖਰਚ ਮਾਫ।

# ਮਨਮੋਹਨ ਲੇਪ

ਆਪਣੇ ਹਥੀਂ ਜਵਾਨੀ ਦੇ ਦਿਨਾਂ ਵਿਚ ਜੋ ਆਦਮੀ ਹਥਰਸੀ ਨਾਲ ਯਾ ਭੈੜੀਆਂ ਸੋਹਬਤਾਂ ਵਿਚ ਪੈਕੇ ਆਪਣਾ ਸਤਿਆ ਨਾਸ ਕਰ ਚੁਕੇ ਹੋਣ, ਇੰਦਰੀ ਟੇਢੀ ਹੋ ਗਈ ਹੋਵੇ ਤੇ ਮਰਦਾਵਾਂ ਕੰਮ ਪੂਰਾ ਨਾ ਦਿੰਦੀ ਹੋਵੇ ਯਾ ਤੀਵੀਂ ਕੋਲ ਗਿਆਂ ਹੀ ਧਾਤ ਵਗ ਜਾਂਦੀ ਹੋਵੇ, ਰਾਤੀ ਸੁਤਿਆਂ ਪਿਆਂ ਮਨੀ ਖਾਰਜ ਹੋ ਜਾਵੇ, ਇੰਦਰੀ ਕਦ ਵਿਚ ਛੋਟੀ ਹੋ ਜਾਵੇ, ਤਾਂ ਮਨਮੋਹਨ ਲੇਪ ਇਨਾਂ ਸਾਰੀਆਂ ਬੀਮਾਰੀਆਂ ਨੂੰ ਸ਼ਰਤੀਆ ਦੂਰ ਕਰ ਦਿੰਦਾ ਹੈ। ਮੁਲ ਇਕ ਸ਼ੀਸ਼ੀ ਡਾਕ ਖਰਚ ਸਮੇਤ ੨॥)

# ਮਨਮੋਹਨ ਵਟੀ

ਜਿਸ ਤੀਵੀਂ ਨੂੰ ਸੁਫੇਦ ਪਾਣੀ ਆਉਂਦਾ ਹੋਵੇ ਉਸਦੀ ਜ਼ਿੰਦਗੀ ਵੀ ਨਾ ਹੋਇਆਂ ਬਰਾਬਰ ਹੁੰਦੀ ਹੈ, ਜਿਸਤਰਾਂ ਮਰਦ ਨੂੰ ਧਾਤ (ਮਨੀ) ਦੇ ਨਾ ਹੋਣ ਕਰਕੇ ਤਕਲੀਫ ਹੁੰਦੀ ਹੈ ਇਸਤਰਾਂ ਔਰਤਾਂ ਵਿਚ ਵੀ ਇਹ ਬਿਮਾਰੀ ਉਨ ਨਾਲ ਘੁਣ ਵਾਂਗ ਖਾਕੇ ਫੋਕਿਆਂ ਕਰ ਦੇਂਦੀ ਹੈ। ਇਸ ਦਵਾਈ ਨੂੰ ਵਰਤੇ ਤੇ ਜ਼ਿੰਦਗੀ ਦਾ ਸੁਖ ਲਵੇ। ਮੁਲ ਇਕ ਸ਼ੀਸ਼ੀ ੧) ਪਤਾ—

**ਮਨਮੋਹਨ ਦਵਾ ਘਰ ਬਜ਼ਾਰਮਾਈਸੇਵਾਂ ਅੰਮ੍ਰਿਤਸਰ**